ਇੰਜੀਨਿਅਰਿੰਗ ਸਰਵਿਸਿਜ਼
ਲੋਨ ਲਾਕਲੇਅਰ (Lon LaClaire),
M.Eng., P.Eng.
ਸਿਟੀ ਇੰਜੀਨੀਅਰ/ਜਨਰਲ ਮੈਨੇਜਰ

**IMPORTANT INFORMATION**
Please have this translated

**معلومات مهمة:** البحث على الترجمة

**重要资讯:** 请找人为你翻译

**重要資訊:** 請找人為你翻譯

**اطلاعات مهم:** لطفا درخواست کنید که این اطلاعات را برای شما ترجمه کنند

**RENSEIGNEMENTS IMPORTANTS**
Prière de les faire traduire

**重要な情報:** これを翻訳してください

**중요정보:** 번역해주세요

**INFORMAÇÃO IMPORTANTE**
Favor solicitar tradução

**ਜ਼ਰੂਰੀ ਜਾਣਕਾਰੀ**
ਕਿਰਪਾ ਕਰਕੇ ਇਸਦਾ ਅਨੁਵਾਦ ਕਰਵਾਓ

**INFORMACIÓN IMPORTANTE**
Busque a alguien que le traduzca

**MAHALAGANG IMPORMASYON**
Mangyaring isalin ito

**TIN TỨC QUAN TRỌNG**
Xin hãy dịch sang tiếng Việt

9 ਫਰਵਰੀ, 2026

**ਵਿਸ਼ਾ: 49th Avenue 'ਤੇ ਅਗਾਮੀ ਬੱਸ ਲੇਨ ਅਤੇ ਬੱਸ ਸਟਾਪ ਵਿੱਚ ਤਬਦੀਲੀਆਂ**

ਪਿਆਰੇ ਨਿਵਾਸੀ ਜਾਂ ਕਾਰੋਬਾਰ ਦੇ ਮਾਲਕ,

ਅਸੀਂ ਤੁਹਾਨੂੰ 49th Ave 'ਤੇ ਯੋਜਨਾਬੱਧ ਬੱਸ ਲੇਨ ਅਤੇ ਬੱਸ ਸਟਾਪ ਤਬਦੀਲੀਆਂ ਬਾਰੇ ਸੂਚਿਤ ਕਰਨ, ਅਤੇ ਪਾਰਕਿੰਗ ਅਤੇ ਲੋਡਿੰਗ 'ਤੇ ਪੈਣ ਵਾਲੇ ਸੰਭਾਵੀ ਪ੍ਰਭਾਵਾਂ ਬਾਰੇ ਤੁਹਾਡੀ ਰਾਏ ਲੈਣ ਲਈ ਲਿਖ ਰਹੇ ਹਾਂ।

2026 ਦੀ ਬਸੰਤ ਰੁੱਤ ਵਿੱਚ, ਵੈਨਕੂਵਰ ਸਿਟੀ ਅਤੇ TransLink ਦੀ ਯੋਜਨਾ Route 49 'ਤੇ ਬੱਸ ਸਟਾਪ ਦੇ ਫਾਸਲੇ ਨੂੰ ਵਿਵਸਥਿਤ ਕਰਨ ਅਤੇ 49th Ave 'ਤੇ Cambie St ਅਤੇ Fraser St ਦੇ ਵਿਚਕਾਰ ਬੱਸ ਲੇਨਾਂ ਜੋੜਨ ਦੀ ਹੈ।

ਇਹਨਾਂ ਸੁਧਾਰਾਂ ਨਾਲ:

- ਬੱਸਾਂ ਨੂੰ ਟ੍ਰੈਫ਼ਿਕ ਵਿੱਚ ਨਿਰਵਿਘਨ ਚੱਲਣ ਅਤੇ ਸਮੇਂ 'ਤੇ ਰਹਿਣ ਵਿੱਚ ਮਦਦ ਮਿਲੇਗੀ
- ਕਾਰੋਬਾਰਾਂ ਤੱਕ ਪਹੁੰਚ ਨੂੰ ਬਰਕਰਾਰ ਰੱਖਦੇ ਹੋਏ, ਰੋਜ਼ਾਨਾ 37,000 ਤੋਂ ਵੱਧ ਟ੍ਰਾਂਜ਼ਿਟ ਦੌਰਿਆਂ ਲਈ ਯਾਤਰਾ ਦੇ ਸਮੇਂ ਅਤੇ ਭਰੋਸੇਯੋਗਤਾ ਵਿੱਚ ਸੁਧਾਰ ਹੋਵੇਗਾ
  49th Ave ਅਤੇ ਅੱਠ ਹੋਰ ਕੌਰੀਡੋਰਾਂ (ਗਲਿਆਰਿਆਂ) 'ਤੇ ਟ੍ਰਾਂਜ਼ਿਟ ਨੂੰ ਤਰਜੀਹ ਦੇਣ ਦੇ ਕਾਉਂਸਿਲ ਦੇ ਨਿਰਦੇਸ਼ ਨੂੰ ਸਮਰਥਨ ਮਿਲੇਗਾ, ਤਾਂ ਜੋ ਬੱਸ ਯਾਤਰਾ ਦੇ ਸਮੇਂ ਅਤੇ ਭਰੋਸੇਯੋਗਤਾ ਵਿੱਚ 10% ਸੁਧਾਰ ਪ੍ਰਾਪਤ ਕੀਤਾ ਜਾ ਸਕੇ

## <u>ਕੀ ਬਦਲ ਰਿਹਾ ਹੈ</u>

### 49th Ave 'ਤੇ Cambie St ਤੋਂ Fraser St ਤੱਕ ਬੱਸ ਲੇਨਾਂ

49th Avenue 'ਤੇ ਯੂਟਿਲਿਟੀ ਅੱਪਗ੍ਰੇਡਾਂ ਅਤੇ ਫੁੱਟਪਾਥ ਸੁਧਾਰਾਂ ਨੂੰ ਪੂਰਾ ਕਰਨ ਤੋਂ ਬਾਅਦ, **49th Ave 'ਤੇ, Cambie St ਅਤੇ Fraser St ਦੇ ਵਿਚਕਾਰ, ਦੋਵੇਂ ਦਿਸ਼ਾਵਾਂ ਵਿੱਚ ਕਰਬ ਲੇਨਾਂ (ਸੜ੍ਹਕ ਦੇ ਕਿਨਾਰੇ ਵਾਲੀਆਂ ਲੇਨਾਂ) ਨੂੰ ਹਫ਼ਤੇ ਦੇ ਸੱਤ ਦਿਨ, ਸਵੇਰੇ 7 ਵਜੇ ਤੋਂ ਰਾਤ 10 ਵਜੇ ਤੱਕ, ਬੱਸ ਲੇਨਾਂ ਵਜੋਂ ਚਿੰਨ੍ਹਿਤ ਕੀਤੇ ਜਾਣ ਦੀ ਯੋਜਨਾ ਹੈ** (ਪੰਨਾ 4 'ਤੇ ਨਕਸ਼ਾ ਦੇਖੋ)।

ਸੜ੍ਹਕ ਦੇ ਕਿਨਾਰੇ ਪਾਰਕਿੰਗ ਨੂੰ ਰੋਜ਼ਾਨਾ ਸਵੇਰੇ 7 ਵਜੇ ਤੋਂ ਰਾਤ 10 ਵਜੇ ਤੱਕ ਅਤੇ ਚੌਰਾਹਿਆਂ ਦੇ ਕੋਲ ਪ੍ਰਤਿਬੰਧਿਤ ਕੀਤਾ ਜਾਵੇਗਾ। ਜ਼ਿਆਦਾ ਸਵਾਰੀਆਂ ਵਾਲੇ ਵਾਹਨਾਂ (HOVs) ਨੂੰ ਬੱਸ ਲੇਨ ਵਿੱਚ ਚੱਲਣ ਦੀ ਇਜਾਜ਼ਤ ਨਹੀਂ ਹੋਵੇਗੀ। ਚੌਰਾਹੇ ਜਾਂ ਡ੍ਰਾਈਵਵੇਅ 'ਤੇ ਕੋਲ ਪਹੁੰਚਣ 'ਤੇ ਵਾਹਨ ਸੱਜੇ ਮੁੜਨ ਲਈ ਬੱਸ ਲੇਨ ਵਿੱਚ ਦਾਖ਼ਲ ਹੋ ਸਕਦੇ ਹਨ।

### ਬੱਸ ਸਟਾਪ ਸੁਧਾਰ

Route 49 'ਤੇ ਅੱਧੇ ਤੋਂ ਵੱਧ ਬੱਸ ਸਟਾਪ TransLink ਦਿਸ਼ਾ-ਨਿਰਦੇਸ਼ਾਂ ਦੀ ਤੁਲਨਾ ਵਿੱਚ ਜ਼ਿਆਦਾ ਨੇੜੇ-ਨੇੜੇ ਸਥਿਤ ਹਨ। ਦੌਰਿਆਂ ਨੂੰ ਤੇਜ਼ ਅਤੇ ਵਧੇਰੇ ਭਰੋਸੇਮੰਦ ਬਣਾਉਣ ਦੇ ਨਾਲ-ਨਾਲ ਆਵਾਜਾਈ ਤੱਕ ਸੁਵਿਧਾਜਨਕ ਪਹੁੰਚ ਨੂੰ ਬਰਕਰਾਰ ਰੱਖਣ ਲਈ, 49th Ave 'ਤੇ ਅਤੇ Dunbar St ਅਤੇ 41st Avenue ਦੇ ਭਾਗਾਂ 'ਤੇ Route 49 'ਤੇ ਬੱਸ ਸਟਾਪ ਸਥਾਨਾਂ ਵਿੱਚ ਤਬਦੀਲੀਆਂ ਦਾ ਪ੍ਰਸਤਾਵ ਦਿੱਤਾ ਗਿਆ ਹੈ (ਪੰਨਾ 4 'ਤੇ ਨਕਸ਼ਾ ਦੇਖੋ)।

Route 49 'ਤੇ ਸਟਾਪਾਂ ਨੂੰ ਹੇਠਾਂ ਦਿੱਤੇ ਅਨੁਸਾਰ ਬਦਲਣ ਦਾ ਪ੍ਰਸਤਾਵ ਹੈ:

- ਪੂਰਬ ਵੱਲ ਸਟਾਪਾਂ ਨੂੰ 62 ਤੋਂ ਘਟਾ ਕੇ 48 ਸਟਾਪ ਕਰਨਾ (15 ਸਟਾਪ ਰੱਦ, ਅਤੇ 1 ਨਵਾਂ ਸਟਾਪ)
- ਪੱਛਮ ਵੱਲ ਸਟਾਪਾਂ ਨੂੰ 61 ਤੋਂ ਘਟਾ ਕੇ 50 ਸਟਾਪ ਕਰਨਾ (13 ਸਟਾਪ ਰੱਦ, ਅਤੇ 2 ਨਵੇਂ ਸਟਾਪ)

ਨਵੇਂ ਬੱਸ ਸਟਾਪਾਂ ਅਤੇ ਤਿੰਨ ਹੋਰ ਮੌਜੂਦਾ ਸਟਾਪਾਂ 'ਤੇ ਪਹੁੰਚਯੋਗ ਲੈਂਡਿੰਗ ਪੈਡ ਲਗਾਏ ਜਾਣਗੇ।

## <u>ਆਪਣੀ ਰਾਏ ਦਿਓ – ਸਾਨੂੰ ਆਪਣੀਆਂ ਲੋਡਿੰਗ ਅਤੇ ਪਾਰਕਿੰਗ ਲੋੜਾਂ ਬਾਰੇ ਦੱਸੋ</u>

ਅਸੀਂ ਸਮਝਦੇ ਹਾਂ ਕਿ ਸੜ੍ਹਕ ਕਿਨਾਰੇ ਜਗ੍ਹਾ ਵਿੱਚ ਤਬਦੀਲੀਆਂ ਪਿਕ-ਅੱਪ, ਡਿਲੀਵਰੀਆਂ, ਅਤੇ ਪਾਰਕਿੰਗ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਇਹਨਾਂ ਪ੍ਰਭਾਵਾਂ ਨੂੰ ਘਟਾਉਣ ਵਿੱਚ ਮਦਦ ਲਈ, ਅਸੀਂ ਨੇੜਲੀਆਂ ਸਾਈਡ-ਸਟ੍ਰੀਟਾਂ 'ਤੇ ਵਾਧੂ ਲੋਡਿੰਗ ਜ਼ੋਨ ਅਤੇ ਸਮਾਂ-ਸੀਮਿਤ ਪਾਰਕਿੰਗ ਦੀ ਪੜਚੋਲ ਕਰ ਰਹੇ ਹਾਂ। ਤੁਹਾਡੀ ਰਾਏ ਲੋਡਿੰਗ ਦੀਆਂ ਲੋੜਾਂ ਨੂੰ ਬਿਹਤਰ ਤਰੀਕੇ ਨਾਲ ਸਮਝਣ ਅਤੇ ਲੋਡਿੰਗ ਜ਼ੋਨਾਂ, ਸਾਈਡ-ਸਟ੍ਰੀਟ ਪਾਰਕਿੰਗ, ਜਾਂ ਪਿਛਲੀ-ਲੇਨ ਸੰਚਾਲਨਾਂ ਵਿੱਚ ਤਬਦੀਲੀਆਂ 'ਤੇ ਵਿਚਾਰ ਕਰਨ ਵਿੱਚ ਸਾਡੀ ਮਦਦ ਕਰੇਗੀ।

**ਆਪਣੀਆਂ ਲੋਡਿੰਗ ਅਤੇ ਪਾਰਕਿੰਗ ਲੋੜਾਂ ਜਾਂ ਕੋਈ ਵੀ ਵਾਧੂ ਫੀਡਬੈਕ ਸਾਂਝੀ ਕਰਨ ਲਈ ਸਾਡਾ ਔਨਲਾਈਨ ਸਰਵੇਖਣ ਪੂਰਾ ਕਰੋ, ਜੋ 9 ਫਰਵਰੀ ਤੋਂ 1 ਮਾਰਚ ਤੱਕ ਉਪਲਬਧ ਹੈ:** https://survey.vancouver.ca/s3/49th-Ave-Bus-Priority-Feedback-Survey

ਬੱਸ ਸਟਾਪ ਸੰਬੰਧੀ ਤਬਦੀਲੀਆਂ ਬਾਰੇ ਆਪਣੀ ਫੀਡਬੈਕ TransLink ਦੇ ਔਨਲਾਈਨ ਸਰਵੇਖਣ ਵਿੱਚ ਸਾਂਝੀ ਕਰੋ ਜੋ **9 ਫਰਵਰੀ ਤੋਂ 1 ਮਾਰਚ** ਤੱਕ translink.ca/route49 'ਤੇ ਉਪਲਬਧ ਹੈ।

## ਹੋਰ ਜਾਣਕਾਰੀ

49th Ave ਬੱਸ ਲੇਨਾਂ ਬਾਰੇ ਸਵਾਲਾਂ ਜਾਂ ਹੋਰ ਜਾਣਕਾਰੀ ਲਈ:

- vancouver.ca/49ave-transit 'ਤੇ ਜਾਓ
- 49avebuspriority@vancouver.ca 'ਤੇ ਈਮੇਲ ਕਰੋ
- ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਸਿਟੀ ਦੀ Van311 ਐਪ ਦੀ ਵਰਤੋਂ ਕਰੋ
- 3-1-1 'ਤੇ ਕਾਲ ਕਰੋ
- 1 ਮਾਰਚ 2026 ਤੱਕ vancouver.ca/49ave-transit 'ਤੇ ਔਨਲਾਈਨ ਸਰਵੇਖਣ ਭਰੋ ਜਾਂ ਹੇਠਾਂ ਦਿੱਤੇ QR ਕੋਡ ਨੂੰ ਸਕੈਨ ਕਰੋ:

Route 49 ਦੇ ਬੱਸ ਸਟਾਪ ਸੁਧਾਰਾਂ ਅਤੇ ਤਬਦੀਲੀਆਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ TransLink ਨਾਲ ਸੰਪਰਕ ਕਰੋ:

- ਪ੍ਰੋਜੈਕਟ ਦੇ ਵੇਰਵਿਆਂ ਲਈ translink.ca/route49 'ਤੇ ਜਾਓ ਅਤੇ 1 ਮਾਰਚ 2026 ਤੱਕ ਔਨਲਾਈਨ ਸਰਵੇਖਣ ਭਰੋ।
- ਬੱਸ ਸਟਾਪਾਂ ਅਤੇ ਸਮਾਂ-ਸਾਰਣੀ ਬਾਰੇ ਤਾਜ਼ਾ ਜਾਣਕਾਰੀ ਲਈ translink.ca/schedules 'ਤੇ ਜਾਓ।
- ਗਾਹਕ ਸੇਵਾ ਨੂੰ ਹਫ਼ਤੇ ਦੇ 7 ਦਿਨ ਸਵੇਰੇ 6: 30 ਤੋਂ ਰਾਤ 10:00 ਵਜੇ ਤਕ 604-953-3333 'ਤੇ ਕਾਲ ਕਰੋ।

ਤਹਿ-ਦਿਲੋਂ,

**ਵੈਨਕੂਵਰ ਸਿਟੀ ਬੱਸ ਪ੍ਰਾਇਓਰਿਟੀ ਟੀਮ**

*507 W Broadway, Vancouver, British Columbia V5Z 0B4 Canada*

## 49th Ave 'ਤੇ ਅਗਾਮੀ ਬੱਸ ਲੇਨ ਵਿੱਚ ਤਬਦੀਲੀਆਂ (Cambie St - Fraser St)

### ਸਵੇਰੇ 7 ਤੋਂ ਰਾਤ 10 ਵਜੇ, ਹਫ਼ਤੇ ਦੇ 7 ਦਨਿ ਬੱਸ ਲੇਨਾਂ

- 49th Ave 'ਤੇ Cambie St ਅਤੇ Fraser St ਵਚਿਕਾਰ **ਨਵੀਆਂ ਬੱਸ ਲੇਨਾਂ** ਜੋੜਨੀਆਂ
- Main St ਦੇ ਵੱਲ ਜਾਣ ਵਾਲੀਆਂ 49th Ave ਦੇ ਉੱਤਰ ਵੱਲ ਮੌਜੂਦਾ ਬੱਸ ਲੇਨਾਂ ਨੂੰ ਹਫ਼ਤੇ ਦੇ ਕੰਮਕਾਜੀ ਦਨਿਾਂ ਨੂੰ ਸਵੇਰੇ/ਸ਼ਾਮ ਪੀਕ ਸਮਆਿਂ ਤੋਂ **ਵਧਾ ਕੇ ਹਫ਼ਤੇ ਦੇ 7 ਦਨਿ, ਸਵੇਰੇ 7 ਵਜੇ ਤੋਂ ਰਾਤ 10 ਵਜੇ** ਤੱਕ ਕਰਨਾ
- ਬੱਸ ਲੇਨ ਦੇ ਸਮੇਂ ਦੌਰਾਨ **ਪਾਰਕਗਿ ਨੂੰ ਪ੍ਰਤਬਿੰਧਤਿ ਕਰਨਾ**
- ਦੂਜੇ ਜ਼ਆਿਦਾ ਸਵਾਰੀਆਂ ਵਾਲੇ ਵਾਹਨਾਂ (HOVs) ਨੂੰ ਬੱਸ ਲੇਨ ਦੀ ਵਰਤੋਂ ਕਰਨ ਦੀ **ਇਜਾਜ਼ਤ ਨਹੀ**







## ਪ੍ਰਸਤਾਵਿਤ ਬੱਸ ਸਟਾਪ ਵਿੱਚ ਤਬਦੀਲੀਆਂ (Crown St - Boundary Rd)

